ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria, Nanaimo, Prince George, Kamloops, Kelowna, Oliver, Squamish
ALBERTA Edmonton, Calgary
ONTARIO Ottawa, Brampton, Toronto
QUEBEC Montreal
USA Greater Seattle, Everett, Marysville, Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 19 Ending Date: May 08, 2026

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100

# ਕੈਨੇਡਾ ਸਰਕਾਰ ਵੱਲੋਂ 33 ਹਜ਼ਾਰ ਅਸਥਾਈ ਕਾਮਿਆਂ ਨੂੰ ਪੀ.ਆਰ. ਦੇਣ ਦਾ ਐਲਾਨ

ਟੋਰਾਂਟੋ:ਕੈਨੇਡਾ ਜਾਣ ਅਤੇ ਉੱਥੇ ਪੱਕੇ ਹੋਣ ਦੀ ਇੱਛਾ ਰੱਖਣ ਵਾਲੇ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਲਈ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਨੇ ਸਾਲ 2026 ਅਤੇ 2027 ਦੌਰਾਨ ਲਗਭਗ 33,000 ਅਸਥਾਈ ਕਾਮਿਆਂ ਨੂੰ ਸਥਾਈ ਨਿਵਾਸ (ਪੀ.ਆਰ.) ਦੇਣ ਦੀ ਇੱਕ ਵਿਸ਼ੇਸ਼ ਯੋਜਨਾ ਦਾ ਐਲਾਨ ਕੀਤਾ ਹੈ।

ਕੈਨੇਡਾ ਦੀ ਇਸ ਨਵੀਂ 'ਟੀ.ਆਰ. ਤੋਂ ਪੀ.ਆਰ.' (ਟੈਂਪਰੇਰੀ ਰੈਜ਼ੀਡੈਂਸ ਟੂ ਪਰਮਾਨੈਂਟ ਰੈਜ਼ੀਡੈਂਸ) ਯੋਜਨਾ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਇਸ ਦਾ ਮੁੱਖ ਫੋਕਸ ਪੇਂਡੂ ਅਤੇ ਛੋਟੇ ਸ਼ਹਿਰਾਂ ਵੱਲ ਹੈ। ਸਰਕਾਰ ਦਾ ਉਦੇਸ਼ ਇਮੀਗ੍ਰੇਸ਼ਨ ਨੂੰ ਵੱਡੇ ਸ਼ਹਿਰਾਂ ਤੋਂ ਦੂਰ ਕਰਕੇ ਉਨ੍ਹਾਂ ਇਲਾਕਿਆਂ ਵਿਚ ਲਿਜਾਣਾ ਹੈ, ਜਿੱਥੇ ਕਾਮਿਆਂ ਦੀ ਜ਼ਿਆਦਾ ਲੋੜ ਹੈ।ਇਸ ਯੋਜਨਾ ਤਹਿਤ ਉਨ੍ਹਾਂ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ, ਜੋ ਪਹਿਲਾਂ ਹੀ ਕੈਨੇਡਾ ਵਿਚ ਪੇਂਡੂ ਖੇਤਰਾਂ ਵਿਚ ਰਹਿ ਕੇ ਕੰਮ ਕਰ ਰਹੇ ਹਨ।ਸਰਕਾਰ ਨੇ ਇਸ ਯੋਜਨਾ ਵਿਚੋਂ ਵੱਡੇ ਸ਼ਹਿਰੀ ਕੇਂਦਰਾਂ (ਸੀ.ਐੱਮ.ਏ.) ਨੂੰ ਬਾਹਰ ਰੱਖਣ ਦਾ ਫੈਸਲਾ ਕੀਤਾ ਹੈ। ਇਸ ਦਾ ਮਤਲਬ ਹੈ ਕਿ ਟੋਰਾਂਟੋ, ਵੈਨਕੂਵਰ ਅਤੇ ਮਾਂਟਰੀਅਲ ਵਰਗੇ ਪ੍ਰਮੁੱਖ ਸ਼ਹਿਰਾਂ ਵਿਚ ਕੰਮ ਕਰ ਰਹੇ ਅਸਥਾਈ ਕਾਮੇ ਇਸ ਵਿਸ਼ੇਸ਼ ਯੋਜਨਾ ਲਈ ਪਾਤਰ ਨਹੀਂ ਹੋਣਗੇ। ਇਨ੍ਹਾਂ ਤੋਂ ਇਲਾਵਾ ਕੈਲਗਰੀ, ਐਡਮਿੰਟਨ ਅਤੇ ਓਟਾਵਾ ਵਰਗੇ ਸ਼ਹਿਰਾਂ ਨੂੰ ਵੀ ਇਸ ਸੂਚੀ ਤੋਂ ਬਾਹਰ ਰੱਖਿਆ ਗਿਆ ਹੈ।

# ਗੁਰਵਿੰਦਰ ਸਿੰਘ ਧਾਲੀਵਾਲ ਨੂੰ ਰੀਅਲ ਅਸਟੇਟ ਵਿਚ ਮਿਲਿਆ ਪਹਿਲਾ ਸਥਾਨ

## ਰੀਅਲ ਅਸਟੇਟ ਦੇ ਖੇਤਰ 'ਚ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ 12ਵੀਂ ਵਾਰ ਐਵਾਰਡ ਜਿੱਤਿਆ

ਸਰੀ:ਰੀਅਲ ਅਸਟੇਟ ਅਤੇ ਮੀਡੀਆ ਦੀ ਜਾਣੀ-ਪਛਾਣੀ ਸ਼ਖ਼ਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ



ਪਲੈਨਿਟ ਗਰੁੱਪ ਰਿਐਲਿਟੀ ਵੱਲੋਂ ਪਹਿਲੇ ਨੰਬਰ ਤੇ 'ਟੌਪ ਸੇਲਸ ਪਰਸਨ' ਐਲਾਨੇ ਗਏ ਹਨ। ਉਹਨਾਂ ਨੇ ਲਗਾਤਾਰ 12ਵੀਂ ਵਾਰ ਰੀਅਲ ਅਸਟੇਟ ਦੇ ਖੇਤਰ ਵਿੱਚ ਇਨਾਮ ਹਾਸਿਲ ਕੀਤਾ ਹੈ। ਪਲੈਨਿਟ ਗਰੁੱਪ ਰਐਲਟੀ ਵੱਲੋਂ ਧਾਲੀਵਾਲ ਬੈਂਕੁਇਟ ਹਾਲ ਸਰੀ ਵਿੱਚ ਕਰਵਾਏ ਗਏ ਸਲਾਨਾ ਅਵਾਰਡ ਸਮਾਗਮ 'ਚ ਗੁਰਵਿੰਦਰ ਸਿੰਘ ਧਾਲੀਵਾਲ ਨੂੰ ਪਲੈਨਿਟ ਗਰੁੱਪ ਐਬਸਫੋਰਡ ਦੇ 'ਟੌਪ ਰਐਲਟਰ' ਦਾ ਅਵਾਰਡ ਦਿੱਤਾ ਗਿਆ। ਇਸ ਮੌਕੇ 'ਤੇ ਉਹਨਾਂ ਸਮੂਹ ਭਾਈਚਾਰੇ ਵੱਲੋਂ, ਲਗਾਤਾਰ 18 ਵਰ੍ਹਿਆਂ ਤੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਕੀਤਾ। ਇਥੇ ਦੱਸਣਯੋਗ ਹੈ ਕਿ ਡਾ. ਧਾਲੀਵਾਲ ਪੰਜਾਬੀ ਅਖ਼ਬਾਰਾਂ ਦੇ ਪਾਠਕਾਂ ਨਾਲ ਆਪਣੀਆਂ ਲਿਖਤਾਂ ਰਾਹੀਂ ਅਕਸਰ ਸਾਂਝ ਪਾਉਂਦੇ ਰਹਿੰਦੇ ਹਨ ਅਤੇ ਚੈਨਲ ਪੰਜਾਬੀ 'ਤੇ ਪ੍ਰੋਗਰਾਮ 'ਆਵਾਜ਼-ਏ-ਪੰਜਾਬ' ਪੇਸ਼ ਕਰਦੇ ਹਨ। ਉਹਨਾਂ ਕੈਨੇਡਾ ਦੇ 'ਪੰਜਾਬੀ ਮੀਡੀਆ ਦੇ ਸੌ ਸਾਲ ਦੇ ਸਫਰ 'ਤੇ ਪੀਐਚ.ਡੀ. ਕੀਤੀ ਹੈ ਅਤੇ ਗੁਰੂ ਨਾਨਕ ਜਹਾਜ਼ ਅਤੇ ਗਦਰ ਲਹਿਰ ਦੇ ਸੰਘਰਸ਼ ਬਾਰੇ ਖੋਜ ਭਰਪੂਰ ਇਤਿਹਾਸਿਕ ਲੇਖ ਲਿਖੇ ਹਨ। ਡਾ. ਗੁਰਵਿੰਦਰ ਸਿੰਘ ਨਾਲ ਕਿਸੇ ਵੀ ਜਾਣਕਾਰੀ ਲਈ ਫੋਨ ਨੰਬਰ 604-825-1550 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਨੇਡਾ ਵਿਚ ਜਬਰੀ ਵਸੂਲੀ ਦੇ ਟਾਕਰੇ ਲਈ ਨਵਾਂ ਕਾਨੂੰਨ

ਕੈਨੇਡਾ ਵਿਚ ਗੰਨ ਵਾਇਲੈਂਸ ਦੇ ਖ਼ਾਤਮੇ ਲਈ ਨਵਾਂ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ ਵੈਨਕੂਵਰ : ਕੈਨੇਡਾ ਵਿਚ ਸਾਊਥ ਏਸ਼ੀਅਨ ਪਰਵਾਰਾਂ ਨੂੰ ਜਬਰੀ ਵਸੂਲੀ ਦੇ ਨਾਂ 'ਤੇ ਡਰਾਉਣ-ਧਮਕਾਉਣ ਜਾਂ ਘਰਾਂ 'ਤੇ ਗੋਲੀਆਂ ਚਲਾਉਣ ਵਾਲਿਆਂ ਨੂੰ ਧੜਾ-ਧੜ ਡਿਪੋਰਟ ਕਰਨ ਦੀ ਪ੍ਰਕਿਰਿਆ ਦਰਮਿਆਨ ਗੰਨ ਵਾਇਲੈਂਸ ਦੇ ਖ਼ਾਤਮੇ ਲਈ ਨਵਾਂ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ। ਕੈਨੇਡਾ ਵਿਚ ਆਪਣੀ ਕਿਸਮ ਦਾ ਪਹਿਲਾ ਕਾਨੂੰਨ ਬ੍ਰਿਟਿਸ਼ ਕੋਲੰਬੀਆ ਵਿਚ ਲਾਗੂ ਹੋ ਰਿਹਾ ਹੈ ਅਤੇ ਪੁਲਿਸ ਨੂੰ ਮਿਲਣ ਵਾਲੀਆਂ ਨਵੀਆਂ ਤਾਕਤਾਂ ਰਾਹੀਂ ਜਬਰੀ ਵਸੂਲੀ ਨਾਲ ਸਬੰਧਤ ਅਪਰਾਧਕ ਸਰਗਰਮੀਆਂ ਨੂੰ ਠੱਲ੍ਹ ਪਾਈ ਜਾ ਸਕੇਗੀ। ਨਵਾਂ ਕਾਨੂੰਨ ਲਾਗੂ ਹੋਣ ਮਗਰੋਂ ਗੱਡੀ ਵਿਚੋਂ ਗੋਲੀਆਂ ਚਲਾਉਣੀਆਂ, ਨਾਜਾਇਜ਼ ਹਥਿਆਰ ਦੀ ਮੌਜੂਦਗੀ ਵਾਲੀ ਗੱਡੀ ਚਲਾਉਣੀ, ਹਥਿਆਰਾਂ ਨੂੰ ਲਾਪ੍ਰਵਾਹੀ ਨਾਲ ਰੱਖਣ, ਘੱਟ ਖ਼ਤਰਨਾਕ ਜਾਂ ਨਕਲੀ ਹਥਿਆਰਾਂ ਰਾਹੀਂ ਲੋਕਾਂ ਵਿਚ ਡਰ ਪੈਦਾ ਕਰਨ ਅਤੇ ਕਿਸੇ ਦੀ ਪ੍ਰੌਪਰਟੀ ਵਿਚ ਅਸਲੀ ਜਾਂ ਨਕਲੀ ਹਥਿਆਰ ਲੈ ਕੇ ਦਾਖਲ ਹੋਣ ਵਰਗੇ ਮਾਮਲੇ ਵਧੇਰੇ ਸਖ਼ਤੀ ਨਾਲ ਨਜਿੱਠੇ ਜਾਣਗੇ।

Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560 (ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

ਗੁਰੂ ਨਾਨਕ ਜ਼ਿਊਲਰਜ਼ ਲਿਮ.
24k & 22k
Gold Jewelry
Lucky Stones
Gemstones
40% OFF
Seiko & Citizen
Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305



FARM AND SPICE
FARM AND SPICE
Weekly Special
*Special Sampling in Certain Stores*
May 01 - 07
ਆਵਾਕੈਡੋ
Avocado
Each
$0.99
ਅਦਰਕ
Ginger
Per lb
$1.49
ਲਸਨ
Garlic
1 Kg
$2.99
ਸੇਬ
Apple Red delicious
Per lb
$1.49
ਨਿੰਬੂ
Lemon
2 for
$0.99
ਸੰਤਰੇ
Mandarin
Per lb
$1.49
ਰੁਸੈਟ ਆਲੂ
Russet Potatoes
10 Lbs
$3.99
ਲਾਲ ਗਾਜਰ
Red Fruit Carrot
Per lb
$1.49
ਹੀਰ ਚਕੀ ਆਟਾ
Heer Chakki Fresh / Whole Wheat Atta
20 Lbs
$11.99
ਵਿਦਿਆ ਗੋਲਗਪੈ
Vidya Gol Gappa
290 gms
$5.99
ਸ਼ੇਰ ਬਾਸਮਤੀ
Sher Pure Long Basmati Rice
10 Lbs
$11.99
ਹੀਰ ਚੀਨੀ / ਭੂਰੀ ਖੰਡ
Heer White/Brown Sugar
8 Lbs
$7.99
ਸਵੇਰਾ ਪਨੀਰ
Savera Paneer
341 gms
$4.49
ਸ਼ੇਰ ਬੇਸਨ
Sher Besan
4 Lbs
$4.99
ਗੰਗਾ ਫੂਲ ਮਖਾਣਾ
Ganga Phool Makhana
400 gms
$11.99
ਟਾਟਾ ਗੋਲਡ ਚਾਹ
Tata Tea Gold
450 gms
$6.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

## ਵਰਲਡ ਸਿੱਖ ਆਰਗੇਨਾਈਜੇਸ਼ਨ ਦੀ 'ਐਂਟੀ-ਸਿੱਖ ਹੇਟ ਰਿਪੋਰਟ'

# ਕਨੇਡਾ ਵਿਚ ਸਿੱਖਾਂ ਵਿਰੁੱਧ ਨਫ਼ਰਤ ਦਾ ਹੜ੍ਹ

### 80% ਭਾਈਚਾਰਾ ਅਸੁਰੱਖਿਅਤ, ਸਰਕਾਰ ਦੀ ਚੁੱਪ 'ਤੇ ਸਵਾਲ

### ਨਫ਼ਰਤ ਦੀ ਮਾਰ ਹੇਠ ਸਿੱਖ, ਪਰ 70% ਪੀੜਤ ਰਿਪੋਰਟ ਕਰਨ ਤੋਂ ਡਰਦੇ ਨੇ




ਆਟਵਾ:-ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਜਾਰੀ ਕੀਤੀ ਗਈ ਰਿਪੋਰਟ "ੂਨਦੲਰਸਟੳਨਦਨਿਗ ੳਨਦ ਅਦਦਰੲਸਸਨਿਗ ਅਨਟ-ਸ਼ਕਿਹ ੍ਹੳਟੲ" ਨੇ ਕੈਨੇਡਾ ਦੇ ਉਸ ਦਾਅਵੇ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ, ਜਿਸ ਵਿੱਚ ਉਹ ਆਪਣੇ-ਆਪ ਨੂੰ ਦੁਨੀਆ ਦਾ ਸਭ ਤੋਂ ਸੁਰੱਖਿਅਤ ਅਤੇ ਬਹੁ- ਸੱਭਿਆਚਾਰਕ ਦੇਸ਼ ਮੰਨਦਾ ਹੈ। ਇਹ ਰਿਪੋਰਟ ਮਹਿਜ਼ ਅੰਕੜਿਆਂ ਦਾ ਸੰਗ੍ਰਹਿ ਨਹੀਂ, ਸਗੋਂ ਕੈਨੇਡਾ ਵਿੱਚ ਵੱਸਦੇ ਲੱਖਾਂ ਸਿੱਖਾਂ ਦੇ ਉਸ ਦਰਦ ਅਤੇ ਅਸੁਰੱਖਿਆ ਦੀ ਦਾਸਤਾਨ ਹੈ, ਜਿਸ ਨੂੰ ਹੁਣ ਤੱਕ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਰਿਪੋਰਟ ਦਾ ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ 10 ਵਿੱਚੋਂ 7 ਸਿੱਖ ਆਪਣੇ ਨਾਲ ਹੋਈ ਨਫ਼ਰਤ ਭਰੀ ਘਟਨਾ ਦੀ ਸ਼ਿਕਾਇਤ ਪੁਲਿਸ ਕੋਲ ਨਹੀਂ ਕਰਦੇ। ਇਹ ਅੰਕੜਾ ਕੈਨੇਡਾ ਦੇ ਕਾਨੂੰਨੀ ਸਿਸਟਮ ਅਤੇ ਪੁਲਿਸ ਪ੍ਰਸ਼ਾਸਨ ਲਈ ਇੱਕ ਸ਼ੀਸ਼ਾ ਹੈ। ਜਦੋਂ ਕਿਸੇ ਭਾਈਚਾਰੇ ਦਾ ਸਿਸਟਮ ਤੋਂ ਭਰੋਸਾ ਉੱਠ ਜਾਂਦਾ ਹੈ, ਤਾਂ ਉਹ ਨਫ਼ਰਤ ਨੂੰ ਆਪਣੀ 'ਕਿਸਮਤ' ਮੰਨ ਕੇ ਸਹਿਣ ਕਰਨ ਲੱਗ ਜਾਂਦਾ ਹੈ। ਪੀੜਤਾਂ ਵਿੱਚ ਇਹ ਡਰ ਕਿ ਰਿਪੋਰਟ ਕਰਨ ਨਾਲ ਉਹ ਹੋਰ ਮੁਸੀਬਤ ਵਿੱਚ ਫਸ ਜਾਣਗੇ ਜਾਂ ਪੁਲਿਸ ਕੋਈ ਕਾਰਵਾਈ ਨਹੀਂ ਕਰੇਗੀ, ਨਸਲਵਾਦੀ ਗੁੰਡੇ ਉਨ੍ਹਾਂ ਉਪਰ ਹਮਲਾਵਰ ਹੋਣਗੇ। ਇੱਕ ਤੰਦਰੁਸਤ ਲੋਕਤੰਤਰ ਲਈ ਸ਼ੁਭ ਸੰਕੇਤ ਨਹੀਂ ਹੈ।ਵਰਲਡ ਸਿੱਖ ਆਰਗੇਨਾਜੇਸ਼ਨ ਦੇ ਪ੍ਰਧਾਨ ਦੈਨਿਸ਼ ਸਿੰਘ ਨੇ ਦੱਸਿਆ ਕਿ ਰਿਪੋਰਟਿੰਗ ਦੀ ਕਮੀ ਦੇ ਮੁੱਖ ਕਾਰਨ ਸਿਸਟਮ 'ਤੇ ਭਰੋਸੇ ਦੀ ਘਾਟ ਅਤੇ ਗੁੰਝਲਦਾਰ ਕਾਨੂੰਨੀ ਪ੍ਰਕਿਰਿਆ ਹਨ। 11% ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਸੰਸਥਾਗਤ ਸਹਿਯੋਗ ਨਹੀਂ ਮਿਲੇਗਾ। 8% ਲੋਕ ਲੰਬੀ ਕਾਰਵਾਈ ਤੋਂ ਡਰਦੇ ਹਨ। ਬਹੁਤ ਸਾਰੇ ਸਿੱਖ ਰੋਜ਼ਾਨਾ ਦੀਆਂ ਟਿੱਪਣੀਆਂ ਨੂੰ ਆਪਣੀ ਕਿਸਮਤ ਮੰਨ ਕੇ ਸਹਿ ਲੈਂਦੇ ਹਨ। ਦੈਨਿਸ਼ ਸਿੰਘ ਦਾ ਕਹਿਣਾ ਹੈ ''ਅਸੀਂ ਚਾਹੁੰਦੇ ਹਾਂ ਕਿ ਕੈਨੇਡੀਅਨ ਸਰਕਾਰ 'ਐਂਟੀਸਿੱਖ ਹੇਟ' ਨੂੰ ਇੱਕ ਵੱਖਰੀ ਸ਼੍ਰੇਣੀ ਵਜੋਂ ਮਾਨਤਾ ਦੇਵੇ, ਜਿਵੇਂ ਇਸਲਾਮੋਫੋਬੀਆ ਲਈ ਕੀਤਾ ਗਿਆ ਸੀ।''

ਰਿਪੋਰਟ ਨੇ ☞

## ਇਸ ਰਿਪੋਰਟ ਦੇ ਮੁੱਖ ਫਾਇਦੇ ਕੀ ਹੋਣਗੇ ?

ਇਹ ਰਿਪੋਰਟ ਆਉਣ ਵਾਲੇ ਸਮੇਂ ਵਿੱਚ ਸਿੱਖ ਭਾਈਚਾਰੇ ਲਈ ਇੱਕ 'ਢਾਲ' ਦਾ ਕੰਮ ਕਰੇਗੀ। ਹੁਣ ਤੱਕ ਸਿੱਖ ਕਹਿੰਦੇ ਸਨ ਕਿ ਸਾਡੇ ਨਾਲ ਵਿਤਕਰਾ ਹੁੰਦਾ ਹੈ, ਪਰ ਸਰਕਾਰ 'ਸਬੂਤ' ਮੰਗਦੀ ਸੀ। ਹੁਣ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਕੋਲ 1,600+ ਸਬੂਤ ਹਨ। ਇਸ ਨਾਲ ਸਰਕਾਰ ਨੂੰ 'ਐਂਟੀ-ਸਿੱਖ ਹੇਟ' ਨੂੰ ਇੱਕ ਵੱਖਰੀ ਅਤੇ ਗੰਭੀਰ ਸ਼੍ਰੇਣੀ ਵਜੋਂ ਮਾਨਤਾ ਦੇਣ ਲਈ ਮਜਬੂਰ ਕੀਤਾ ਜਾ ਸਕੇਗਾ।

ਰਿਪੋਰਟ ਵਿੱਚ ਸਾਹਮਣੇ ਆਇਆ ਕਿ ਲੋਕ ਪੁਲਿਸ ਕੋਲ ਨਹੀਂ ਜਾਂਦੇ। ਇਹ ਅੰਕੜਾ ਪੁਲਿਸ ਵਿਭਾਗਾਂ ਨੂੰ ਆਪਣੀ ਕਾਰਜ ਪ੍ਰਣਾਲੀ ਸੁਧਾਰਨ, ਸਿੱਖ ਕਮਿਊਨਿਟੀ ਲਾਇਜ਼ਨ ਅਫਸਰ ਨਿਯੁਕਤ ਕਰਨ ਅਤੇ ਰਿਪੋਰਟਿੰਗ ਸਿਸਟਮ ਨੂੰ ਸੌਖਾ ਬਣਾਉਣ ਲਈ ਮਜਬੂਰ ਕਰੇਗਾ।

ਭਾਰਤੀ ਵਿਰਕੂਆਂ ਦੇ ਪ੍ਰਚਾਰ ਕਾਰਨ ਸਿੱਖਾਂ ਵਿਰੁੱਧ ਜੋ ਨਕਾਰਾਤਮਕ ਬਿਰਤਾਂਤ ਬਣਾਇਆ ਗਿਆ ਹੈ, ਇਹ ਰਿਪੋਰਟ ਉਸ ਨੂੰ ਕੱਟਣ ਵਿੱਚ ਮਦਦ ਕਰੇਗੀ। ਇਹ ਸਾਬਤ ਕਰਦੀ ਹੈ ਕਿ ਸਿੱਖ 'ਹਮਲਾਵਰ' ਨਹੀਂ, ਸਗੋਂ 'ਪੀੜਤ' ਹਨ। ਇਸ ਨੂੰ ਕੈਨੇਡੀਅਨ ਸੰਸਦ ਅਤੇ ਅਦਾਲਤਾਂ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।

ਇਸ ਰਿਪੋਰਟ ਨੇ ਸਿੱਖਾਂ ਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਜਿਸ 'ਨਫ਼ਰਤ' ਨੂੰ ਉਹ ਰੋਜ਼ਾਨਾ ਦੀ ਆਦਤ ਮੰਨ ਕੇ ਸਹਿ ਰਹੇ ਸਨ, ਉਹ ਅਸਲ ਵਿੱਚ ਇੱਕ ਅਪਰਾਧ ਹੈ। ਇਹ ਲੋਕਾਂ ਨੂੰ ਚੁੱਪੀ ਤੋੜਨ ਅਤੇ ਘਟਨਾਵਾਂ ਨੂੰ ਰਿਪੋਰਟ ਕਰਨ ਲਈ ਉਤਸ਼ਾਹਿਤ ਕਰੇਗੀ।

ਜਦੋਂ ਕੋਈ ਸਮੱਸਿਆ ਅੰਕੜਿਆਂ ਵਿੱਚ ਦਰਜ ਹੋ ਜਾਂਦੀ ਹੈ, ਤਾਂ ਉਸ ਦੇ ਹੱਲ ਲਈ ਫੰਡਿੰਗ ਲੈਣੀ ਸੌਖੀ ਹੋ ਜਾਂਦੀ ਹੈ। ਹੁਣ ਸਿੱਖ ਸੰਸਥਾਵਾਂ ਸਰਕਾਰ ਤੋਂ ਐਂਟੀ-ਰੇਸਿਜ਼ਮ ਪ੍ਰੋਗਰਾਮਾਂ ਅਤੇ ਸਿੱਖ ਸੁਰੱਖਿਆ ਲਈ ਵਿਸ਼ੇਸ਼ ਬਜਟ ਦੀ ਮੰਗ ਕਰ ਸਕਣਗੀਆਂ।


ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇਹ ਰਿਪੋਰਟ ਜਾਰੀ ਕਰਕੇ ਸਿੱਖਾਂ ਦੀ ਲੜਾਈ ਨੂੰ 'ਜਜ਼ਬਾਤੀ' ਪੱਧਰ ਤੋਂ ਚੁੱਕ ਕੇ 'ਬੌਧਿਕ ਅਤੇ ਕਾਨੂੰਨੀ' ਪੱਧਰ 'ਤੇ ਲਿਆਂਦਾ ਹੈ। ਇਹ ਕੈਨੇਡਾ ਵਿੱਚ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਇੱਕ ਮੀਲ ਦਾ ਪੱਥਰ ਸਾਬਤ ਹੋਵੇਗੀ। ਕੈਨੇਡਾ ਦੀ ਤਰੱਕੀ ਵਿੱਚ ਸਿੱਖਾਂ ਦੀ ਸਖ਼ਤ ਮਿਹਨਤ ਸ਼ਾਮਲ ਹੈ।

ਜੇਕਰ ਦੇਸ਼ ਦਾ ਸਭ ਤੋਂ ਮਿਹਨਤੀ ਅਤੇ ਸ਼ਾਂਤੀਪਸੰਦ ਭਾਈਚਾਰਾ ਅਸੁਰੱਖਿਆ ਦੇ ਪਰਛਾਵੇਂ ਹੇਠ ਜੀਵੇਗਾ, ਤਾਂ ਕੈਨੇਡਾ ਦਾ ''ਸਭ ਦਾ ਸਤਿਕਾਰ'' ਵਾਲਾ ਮਾਡਲ ਫੇਲ੍ਹ ਮੰਨਿਆ ਜਾਵੇਗਾ। ਸਿੱਖ ਭਾਈਚਾਰੇ ਨੂੰ ਵੀ ਚਾਹੀਦਾ ਹੈ ਕਿ ਉਹ ਹਰ ਛੋਟੀ-ਵੱਡੀ ਘਟਨਾ ਨੂੰ ਰਿਪੋਰਟ ਕਰਨ, ਕਿਉਂਕਿ ਚੁੱਪ ਰਹਿਣਾ ਨਫ਼ਰਤ ਕਰਨ ਵਾਲਿਆਂ ਦੇ ਹੌਸਲੇ ਹੋਰ ਬੁਲੰਦ ਕਰਦਾ ਹੈ।





BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC



Jasbir Singh Badh

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ,
ਲਫਾਫੇ, ਇਨਵੋਏਸਿਸ,
ਇਸ਼ਤਿਹਾਰ, ਫੋਲਡਿੰਗ, ਸਟਿਚਿੰਗ,
ਨੰਬਰਿੰਗ, ਰਬਰ ਸਟੈਂਪਸ, ਰਸੀਦ
ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ
ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ
ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

ਬਹੁਤ ਹੀ ਬਾਰੀਕੀ ਨਾਲ ਨਫ਼ਰਤ ਦੇ ਤਿੰਨ ਮੁੱਖ ਸਰੋਤਾਂ ਦੀ ਪਛਾਣ ਕੀਤੀ ਹੈ। ਪਹਿਲਾ, ਸਥਾਨਕ ਨਸਲਵਾਦ, ਜੋ ਦਸਤਾਰ ਅਤੇ ਪਛਾਣ ਕਾਰਨ ਪੈਦਾ ਹੁੰਦਾ ਹੈ। ਦੂਜਾ, ਕੈਨੇਡਾ ਦੇ ਆਰਥਿਕ ਹਾਲਾਤ, ਜਿੱਥੇ ਮਹਿੰਗਾਈ ਅਤੇ ਘਰਾਂ ਦੀ ਕਿੱਲਤ ਦਾ ਗੁੱਸਾ ਸਿੱਖਾਂ ’ਤੇ ਕੱਢਿਆ ਜਾ ਰਿਹਾ ਹੈ, ਕਿਉਂਕਿ ਉਹ ਦੂਰੋਂ ਪਛਾਣੇ ਜਾਂਦੇ ਹਨ। ਤੀਜਾ ਅਤੇ ਸਭ ਤੋਂ ਖ਼ਤਰਨਾਕ ਪਹਿਲੂ ਹੈ ਵਿਦੇਸ਼ੀ ਪ੍ਰਭਾਵ। ਭਾਰਤ ਤੋਂ ਸੋਸ਼ਲ ਮੀਡੀਆ ਰਾਹੀਂ ਫੈਲਾਈ ਜਾ ਰਹੀ ਫਿਰਕੂਆਂ ਵਲੋਂ ਨਫਰਤਅਤੇ ਸਿੱਖਾਂ ਨੂੰ ‘ਅੱਤਵਾਦੀ’ ਸਿੱਧ ਕਰਨ ਦੀ ਕੋਸ਼ਿਸ਼ ਨੇ ਕੈਨੇਡਾ ਦੀਆਂ ਸੜਕਾਂ ’ਤੇ ਸਿੱਖਾਂ ਲਈ ਖ਼ਤਰਾ ਵਧਾ ਦਿੱਤਾ ਹੈ। ਇਹ ਰਿਪੋਰਟ ਦੱਸਦੀ ਹੈ ਕਿ ਨਫ਼ਰਤ ਸਿਰਫ਼ ਸਰੀਰਕ ਹਿੰਸਾ ਤੱਕ ਸੀਮਤ ਨਹੀਂ ਹੈ, ਸਗੋਂ ਇਹ ‘ਸਿਸਟਮੈਟਿਕ’ (ਪ੍ਰਣਾਲੀਗਤ) ਰੂਪ ਧਾਰਨ ਕਰ ਚੁੱਕੀ ਹੈ। ਨੌਕਰੀਆਂ ਵਿੱਚ ਵਿਤਕਰਾ, ਕਿਰਾਏ ਦੇ ਮਕਾਨਾਂ ਵਿੱਚ ਦਿੱਕਤ ਅਤੇ ਸਕੂਲ-ਕਾਲਜਾਂ ਵਿੱਚ ਭੈੜੀਆਂ ਟਿੱਪਣੀਆਂ ਰੋਜ਼ਾਨਾ ਦਾ ਹਿੱਸਾ ਬਣ ਗਈਆਂ ਹਨ। ਖਾਸ ਕਰਕੇ ਸਿੱਖ ਔਰਤਾਂ (97% ਪੀੜਤ ਦਰ) ਅਤੇ ਨੌਜਵਾਨ ਵਿਦਿਆਰਥੀਆਂ ਦਾ ਮਨੋਬਲ ਇਸ ਨਫ਼ਰਤ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਵਰਲਡ ਸਿੱਖ ਆਰਗੇਨਾਜੇਸ਼ਨ ਦੀ ਇਹ ਰਿਪੋਰਟ ਕੈਨੇਡੀਅਨ ਸਰਕਾਰ ਲਈ ਇੱਕ ’ਚੇਤਾਵਨੀ’ ਹੈ। ਹੁਣ ਵਕਤ ਆ ਗਿਆ ਹੈ ਕਿ ਸਰਕਾਰ ‘ਨਸਲਵਾਦ’ ਦੇ ਆਮ ਸ਼ਬਦ ਤੋਂ ਅੱਗੇ ਵਧ ਕੇ ‘ਐਂਟੀ-ਸਿੱਖ ਹੇਟ’ ਨੂੰ ਇੱਕ ਵਿਸ਼ੇਸ਼ ਸ਼੍ਰੇਣੀ ਵਜੋਂ ਮਾਨਤਾ ਦੇਵੇ। ਪੁਲਿਸ ਅਤੇ ਸਰਕਾਰੀ ਅਦਾਰਿਆਂ ਨੂੰ ਸਿੱਖ ਪਛਾਣ ਅਤੇ ਸੱਭਿਆਚਾਰ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਪੀੜਤ ਸ਼ਿਕਾਇਤ ਕਰਦੇ ਸਮੇਂ ਸੁਰੱਖਿਅਤ ਮਹਿਸੂਸ ਕਰਨ। ਸੋਸ਼ਲ ਮੀਡੀਆ ’ਤੇ ਫੈਲ ਰਹੀ ਗਲਤ ਜਾਣਕਾਰੀ ਵਿਰੁੱਧ ਸਖ਼ਤ ਕਾਨੂੰਨ ਬਣਾਏ ਜਾਣ। ਵਰਲਡ ਸਿਖ ਆਰਗੇਨਾਈਜੇਸ਼ਨ ਦੀ ਰਿਪੋਰਟ ਦਾ ਮਹੱਤਵ ਵਰਲਡ ਸਿਖ ਆਰਗੇਨਾਈਜੇਸ਼ਨ ਨੇ ਇਸ ਰਿਪੋਰਟ ਨੂੰ ਸਿਰਫ਼ ਅੰਦਾਜ਼ਿਆਂ ’ਤੇ ਨਹੀਂ, ਸਗੋਂ ‘‘ਡਾਟਾ-ਡਰਿਵਨ’’ ਪਹੁੰਚ ਨਾਲ ਤਿਆਰ ਕੀਤਾ ਹੈ : 1 ਜਨਵਰੀ ਤੋਂ 1 ਮਾਰਚ 2025 ਦੇ ਵਿਚਕਾਰ, ਕੈਨੇਡਾ ਭਰ ਦੇ 1,600 ਤੋਂ ਵੱਧ ਸਿੱਖਾਂ ਦਾ ਸਰਵੇਖਣ ਕੀਤਾ ਗਿਆ। ਇਹ ਕੈਨੇਡਾ ਦੇ ਇਤਿਹਾਸ ਵਿੱਚ ਸਿੱਖਾਂ ਬਾਰੇ ਕੀਤਾ ਗਿਆ ਸਭ ਤੋਂ ਵੱਡਾ ਡਾਟਾ ਸਰਵੇਖਣ ਹੈ। ਡਾਟਾ ਇਕੱਠਾ ਕਰਨ ਲਈ ਸਿਰਫ਼ ਆਨਲਾਈਨ ਫਾਰਮ ਨਹੀਂ ਭਰੇ ਗਏ, ਸਗੋਂ ਵੱਖ-ਵੱਖ ਸ਼ਹਿਰਾਂ ਵਿੱਚ ਟਾਊਨ ਹਾਲ ਮੀਟਿੰਗਾਂ ਕੀਤੀਆਂ ਗਈਆਂ। ਇੱਥੇ ਲੋਕਾਂ ਨੇ ਆਪਣੇ ਨਿੱਜੀ ਤਜ਼ਰਬੇ ਸਾਂਝੇ ਕੀਤੇ, ਜਿਸ ਨਾਲ ਰਿਪੋਰਟ ਵਿੱਚ ‘‘ਭਾਵਨਾਤਮਕ ਅਤੇ ਅਸਲ ਪੱਖ’’ ਵੀ ਸ਼ਾਮਲ ਹੋਇਆ। ਇਸ ਪ੍ਰੋਜੈਕਟ ਲਈ ਕੈਨੇਡੀਅਨ ਰੇਸ ਰਿਲੇਸ਼ਨਜ਼ ਫਾਊਂਡੇਸ਼ਨ ਤੋਂ ਫੰਡਿੰਗ ਲਈ ਗਈ, ਜੋ ਇਸ ਰਿਪੋਰਟ ਦੀ ਨਿਰਪੱਖਤਾ ਅਤੇ ਮਿਆਰ ਨੂੰ ਸਰਕਾਰੀ ਪੱਧਰ ’ਤੇ ਮਾਨਤਾ ਦਿਵਾਉਣ ਵਿੱਚ ਮਦਦ ਕਰਦੀ ਹੈ। ਵਰਲਡ ਸਿਖ ਆਰਗੇਨਾਈਜੇ ਵਰਲਡ ਸਿਖ ਆਰਗੇਨਾਈਜੇਸ਼ਨ ਨੇ ਮਹਿਸੂਸ ਕੀਤਾ ਕਿ ਸਰਕਾਰੀ ਏਜੰਸੀਆਂ (ਜਿਵੇਂ ਸਟੈਟਿਕਸ ਕੈਨੇਡਾ) ਸਿੱਖਾਂ ਨੂੰ ਅਲੱਗ ਸ਼੍ਰੇਣੀ ਵਿੱਚ ਨਹੀਂ ਰੱਖਦੀਆਂ। ਇਸ ਲਈ ਵਰਲਡ ਸਿਖ ਆਰਗੇਨਾਈਜੇਸ਼ਨ ਨੇ ਖੁਦ ਅੱਗੇ ਵਧ ਕੇ ਸਿਰਫ਼ ਸਿੱਖਾਂ ’ਤੇ ਕੇਂਦਰਿਤ ਡਾਟਾ ਇਕੱਠਾ ਕੀਤਾ ਤਾਂ ਜੋ ਸਿੱਖ-ਵਿਰੋਧੀ ਨਫ਼ਰਤ ਦੇ ਖਾਸ ਸੁਭਾਅ ਨੂੰ ਸਮਝਿਆ ਜਾ ਸਕੇ।

# ਭਾਰਤ ਬਣ ਗਿਆ ਤੱਪਦੀ ਭੱਠੀ? ਰਿਕਾਰਡ ਤੋੜ ਗਰਮੀ

ਨਵੀਂ ਦਿੱਲੀ:ਭਾਰਤ ਇਸ ਸਮੇਂ ਇੱਕ ਬਹੁਤ ਹੀ ਖਤਰਨਾਕ ਮੌਸਮੀ ਵਰਤਾਰੇ ‘ਸੁਪਰ ਐਲ ਨੀਨੋ’ ਦੀ ਲਪੇਟ ਵਿੱਚ ਹੈ, ਜਿਸ ਕਾਰਨ ਦੇਸ਼ ਦੇ ਕਈ ਹਿੱਸਿਆਂ ਵਿੱਚ ਤਾਪਮਾਨ ਅਸਮਾਨ ਨੂੰ ਛੂਹ ਰਿਹਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਪਿਛਲੇ 140 ਸਾਲਾਂ ਵਿੱਚ ਸਭ ਤੋਂ ਸ਼ਕਤੀਸ਼ਾਲੀ ਮੌਸਮੀ ਚੱਕਰਾਂ ਵਿੱਚੋਂ ਇੱਕ ਹੈ। ਜਦੋਂ ਪ੍ਰਸ਼ਾਂਤ ਮਹਾਸਾਗਰ ਵਿੱਚ ਸਮੁੰਦਰ ਦੀ ਸਤ੍ਹਾ ਦਾ ਤਾਪਮਾਨ ਔਸਤ ਨਾਲੋਂ 2 ਡਿਗਰੀ ਸੈਲਸੀਅਸ ਤੋਂ ਵੱਧ ਵਧ ਜਾਂਦਾ ਹੈ, ਤਾਂ ਇਸਨੂੰ ‘ਸੁਪਰ ਐਲ ਨੀਨੋ’ ਕਿਹਾ ਜਾਂਦਾ ਹੈ। ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਸਥਿਤੀ ਜੁਲਾਈ 2026 ਤੱਕ ਬਣੀ ਰਹਿ ਸਕਦੀ ਹੈ, ਜਿਸ ਦੇ ਸਿੱਟੇ ਵਜੋਂ ਗਲੋਬਲ ਤਾਪਮਾਨ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਉੱਤਰੀ ਅਤੇ ਮੱਧ ਭਾਰਤ ਵਿੱਚ ਸਾਫ਼ ਅਸਮਾਨ ਅਤੇ ਨਮੀ ਦੀ ਘਾਟ ਕਾਰਨ ਇੱਕ ‘ਹੀਟ ਡੋਮ’ ਵਰਗੀ ਸਥਿਤੀ ਬਣ ਗਈ ਹੈ, ਜੋ ਗਰਮੀ ਨੂੰ ਬਾਹਰ ਨਹੀਂ ਨਿਕਲਣ ਦੇ ਰਹੀ, ਜਿਸ ਕਾਰਨ ਸ਼ਹਿਰ ਭੱਠੀਆਂ ਵਾਂਗ ਤਪ ਰਹੇ ਹਨ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

12383-83A Ave, Surrey, BC



SAVVY

iccrc crcic Immigration Services Inc.

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases



Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



FIXMAN
GLASS REPAIR LTD

Auto
Residential
Commercial

“We Are The Clear Choice” GLASS EXPRESS

Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service

• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ

2 Locations Serves You

SURREY
#301-14640-64Ave Surrey
Ph:604-657-0003

LANGLEY
#102-5968 205A St
Ph:778-258-3000



Mandeep Dhaliwal

www.fixmanglass.com Email:fixmanglass@gmail.com



Punjab TRAVELS

Special offer!

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# ਮੈਂ ਬਲਾਤਕਾਰੀ ਨਹੀਂ:ਟਰੰਪ

ਵਾਸ਼ਿੰਗਟਨ:ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਕਰਸਪੌਂਡੈਂਟਸ ਐਸੋਸੀਏਸ਼ਨ ਦੇ ਰਾਤ ਦੇ ਖਾਣੇ ਦੌਰਾਨ ਹੋਈ ਗੋਲੀਬਾਰੀ ਤੋਂ ਬਾਅਦ ਪਹਿਲੀ ਵਾਰ ਆਪਣੀ ਚੁੱਪ ਤੋੜੀ ਹੈ। ਸੀ ਬੀ ਐੱਸ ਦੇ '60 ਮਿਨਿਟਸ' ਨੂੰ ਦਿੱਤੇ ਇੱਕ ਤਿੱਖੇ ਇੰਟਰਵਿਊ ਵਿੱਚ ਟਰੰਪ ਨੇ ਉਸ ਰਾਤ ਦੇ ਖੌਫਨਾਕ ਮੰਜ਼ਰ ਅਤੇ ਹਮਲਾਵਰ ਦੇ ਮੈਨੀਫੈਸਟੋ ਵਿੱਚ ਆਪਣੇ ਖਿਲਾਫ ਲਗਾਏ ਗਏ ਇਲਜ਼ਾਮਾਂ 'ਤੇ ਸਖਤ ਪ੍ਰਤੀਕਿਰਿਆ ਦਿੱਤੀ।ਟਰੰਪ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ, 'ਮੈਂ ਕੋਈ ਬਲਾਤਕਾਰੀ ਜਾਂ ਪੈਡੋਫਾਈਲ (ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲਾ) ਨਹੀਂ ਹਾਂ। ਇਹ ਇੱਕ ਬਿਮਾਰ ਮਾਨਸਿਕਤਾ ਵਾਲੇ ਵਿਅਕਤੀ ਦੀਆਂ ਲਿਖਤਾਂ ਹਨ।'"

ਜ਼ਿਕਰਯੋਗ ਹੈ ਕਿ ਵਾਸ਼ਿੰਗਟਨ ਹਿਲਟਨ ਹੋਟਲ ਵਿੱਚ ਚੱਲ ਰਹੇ ਸਾਲਾਨਾ ਡਿਨਰ ਦੌਰਾਨ ਇੱਕ ਬੰਦੂਕਧਾਰੀ ਨੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਤੋਂ ਬਾਅਦ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਰਾਸ਼ਟਰਪਤੀ ਨੂੰ ਤੁਰੰਤ ਸਟੇਜ ਤੋਂ ਹਟਾ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਸੀ। ਟਰੰਪ ਨੇ ਦੱਸਿਆ ਕਿ ਜਦੋਂ ਗੋਲੀਆਂ ਚੱਲੀਆਂ ਤਾਂ ਉਹ ਘਬਰਾਏ ਨਹੀਂ ਸਨ। ਉਨ੍ਹਾ ਮੰਨਿਆ ਕਿ ਉਨ੍ਹਾ ਦੀ ਇਸ ਜ਼ਿੱਦ ਕਾਰਨ ਸੁਰੱਖਿਆ ਏਜੰਟਾਂ ਨੂੰ ਮੁਸ਼ਕਲ ਪੇਸ਼ ਆਈ। ਰਾਸ਼ਟਰਪਤੀ ਨੇ ਕਿਹਾ, 'ਮੈਂ ਉਨ੍ਹਾਂ ਲਈ ਕੰਮ ਆਸਾਨ ਨਹੀਂ ਕਰ ਰਿਹਾ ਸੀ। ਏਜੰਟ ਵਾਰ-ਵਾਰ ਮੈਨੂੰ ਜ਼ਮੀਨ 'ਤੇ ਲੇਟਣ ਲਈ ਕਹਿ ਰਹੇ ਸਨ। ਅਖੀਰ ਮੈਂ ਅਤੇ ਫਸਟ ਲੇਡੀ ਹੇਠਾਂ ਬੈਠ ਗਏ ਅਤੇ ਉਹ ਸਾਨੂੰ ਬਾਹਰ ਲੈ ਗਏ।ਇੰਟਰਵਿਊ ਦੌਰਾਨ ਜਦੋਂ ਹਮਲਾਵਰ ਦੇ ਮੈਨੀਫੈਸਟੋ (ਘੋਸ਼ਣਾ ਪੱਤਰ) ਦਾ ਹਵਾਲਾ ਦਿੱਤਾ ਗਿਆ, ਤਾਂ ਟਰੰਪ ਮੀਡੀਆ 'ਤੇ ਬੁਰੀ ਤਰ੍ਹਾਂ ਭੜਕ ਗਏ। ਉਨ੍ਹਾ ਪੱਤਰਕਾਰ ਨੂੰ 'ਘਿਣਾਉਣੇ ਲੋਕ' ਕਹਿੰਦਿਆਂ ਕਿਹਾ ਕਿ ਅਜਿਹੇ ਇਲਜ਼ਾਮਾਂ ਨੂੰ ਕੌਮੀ ਟੈਲੀਵਿਜ਼ਨ 'ਤੇ ਪੜ੍ਹਨਾ ਸ਼ਰਮਨਾਕ ਹੈ। ਟਰੰਪ ਨੇ ਕਿਹਾ, 'ਮੈਨੂੰ ਪਤਾ ਸੀ ਕਿ ਤੁਸੀਂ ਇਹ ਪੜ੍ਹੋਗੇ, ਕਿਉਂਕਿ ਤੁਸੀਂ ਲੋਕ ਘਟੀਆ ਹੋ। ਮੈਂ ਉਹ ਮੈਨੀਫੈਸਟੋ ਪੜ੍ਹਿਆ ਹੈ, ਉਹ ਬੰਦਾ ਮਾਨਸਿਕ ਰੋਗੀ ਹੈ। ਮੇਰਾ ਉਨ੍ਹਾਂ ਗੱਲਾਂ ਨਾਲ ਕੋਈ ਲੈਣਾ-ਦੇਣਾ ਨਹੀਂ ਅਤੇ ਮੈਂ ਸਾਰੇ ਮਾਮਲਿਆਂ ਵਿੱਚੋਂ ਬਰੀ ਹੋ ਚੁੱਕਾ ਹਾਂ।ਰਾਸ਼ਟਰਪਤੀ ਨੇ ਵ੍ਹਾਈਟ ਹਾਊਸ ਕਰਸਪੌਂਡੈਂਟਸ ਐਸੋਸੀਏਸ਼ਨ ਨੂੰ ਅਪੀਲ ਕੀਤੀ ਹੈ ਕਿ ਇਸ ਪ੍ਰੋਗਰਾਮ ਨੂੰ ਰੱਦ ਨਾ ਕੀਤਾ ਜਾਵੇ, ਸਗੋਂ ਅਗਲੇ 30 ਦਿਨਾਂ ਦੇ ਅੰਦਰ ਮੁੜ ਕਰਵਾਇਆ ਜਾਵੇ।ਉਨ੍ਹਾਂ ਕਿਹਾ ਕਿ ਕਿਸੇ ਇੱਕ ਸਿਰਫਿਰੇ ਵਿਅਕਤੀ ਕਾਰਨ ਅਜਿਹੇ ਵੱਡੇ ਸਮਾਗਮ ਰੁਕਣੇ ਨਹੀਂ ਚਾਹੀਦੇ। ਹਾਲਾਂਕਿ, ਉਨ੍ਹਾ ਆਪਣੇ ਅੰਦਾਜ਼ ਵਿੱਚ ਇਹ ਵੀ ਜੋੜਿਆ ਕਿ ਉਹ ਬਹੁਤ ਰੁੱਝੇ ਹੋਏ ਹਨ ਅਤੇ ਉਨ੍ਹਾ ਨੂੰ ਉੱਥੇ ਜਾਣ ਦੀ ਕੋਈ ਖਾਸ ਲੋੜ ਨਹੀਂ ਹੈ।






# ਕਬੱਡੀ ਦੇ ਮਸ਼ਹੂਰ ਖਿਡਾਰੀ ਪਾਲਾ ਜਲਾਲਪੁਰੀਆ ਆਮ ਆਦਮੀ ਪਾਰਟੀ ਵਿੱਚ ਸ਼ਾਮਲ



ਚੰਡੀਗੜ੍ਹ:ਪ੍ਰਸਿੱਧ ਕਬੱਡੀ ਖਿਡਾਰੀ ਪਾਲਾ ਜਲਾਲਪੁਰੀਆ, ਜੋ ਕਿ ਖੇਡ ਵਿੱਚ  ਫਾਈਟਰ ਵਜੋਂ ਜਾਣੇ ਜਾਂਦੇ ਹਨ, ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਇਹ ਕਦਮ ਪੰਜਾਬ ਦੀ ਰਾਜਨੀਤੀ ਵਿੱਚ ਖੇਡ ਜਗਤ ਤੋਂ ਇੱਕ ਮਹੱਤਵਪੂਰਨ ਸ਼ਾਮਿਲੀਅਤ ਵਜੋਂ ਦੇਖਿਆ ਜਾ ਰਿਹਾ ਹੈ।ਪੰਜਾਬ ਦੀ ਰਵਾਇਤੀ ਖੇਡ ਕਬੱਡੀ ਵਿੱਚ ਇੱਕ ਮਸ਼ਹੂਰ ਸਟਾਪਰ ਰਹੇ ਜਲਾਲਪੁਰੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਦਾ ਦਾਮਨ ਥਾਮਿਆ। ਇਸ ਮੌਕੇ  ਮੁੱਖ ਮੰਤਰੀ ਨੇ ਉਨ੍ਹਾਂ ਦਾ ਤਹਿ ਦਿਲੋਂ ਸਵਾਗਤ ਕੀਤਾ ਅਤੇ ਸਨਮਾਨਿਤ ਵੀ ਕੀਤਾ।ਇਹ ਸ਼ਾਮਿਲੀਅਤ ਆਮ ਆਦਮੀ ਪਾਰਟੀ ਵੱਲੋਂ ਖੇਡਾਂ ਅਤੇ ਸਮਾਜ ਦੇ ਪ੍ਰਭਾਵਸ਼ਾਲੀ ਚਿਹਰਿਆਂ ਨੂੰ ਆਪਣੇ ਨਾਲ ਜੋੜਨ ਦੀ ਲਗਾਤਾਰ ਕੋਸ਼ਿਸ਼ ਵਜੋਂ ਵੀ ਦੇਖੀ ਜਾ ਰਹੀ ਹੈ, ਖ਼ਾਸ ਕਰਕੇ ਉਹ ਹਸਤੀਆਂ ਜੋ ਪੰਜਾਬ ਦੀ ਸੱਭਿਆਚਾਰਕ ਜੜ੍ਹਾਂ ਨਾਲ ਜੁੜੀਆਂ ਹਨ।ਕਬੱਡੀ, ਜਿਸਨੂੰ ਅਕਸਰ ਪੰਜਾਬੀਆਂ ਦੀ ਮਾਂ ਖੇਡ ਕਿਹਾ ਜਾਂਦਾ ਹੈ, ਰਾਜ ਵਿੱਚ ਡੂੰਘੀ ਭਾਵਨਾਤਮਕ ਅਤੇ ਸੱਭਿਆਚਾਰਕ ਮਹੱਤਤਾ ਰੱਖਦੀ ਹੈ।

# ਥਾਣੇ ਦੇ 2 ਸੁਰੱਖਿਆ ਗਾਰਡਾਂ ਨੂੰ ਚਾਕੂ ਮਾਰਨ ਤੋਂ ਪਹਿਲਾਂ 'ਕਲਮਾ' ਪੜ੍ਹਨ ਲਈ ਕਿਹਾ ਸੀ: ਅਧਿਕਾਰੀ

ਮੁੰਬਈ:-ਇੱਕ ਅਧਿਕਾਰੀ ਨੇ ਮੰਗਲਵਾਰ ਨੂੰ ਦੱਸਿਆ ਕਿ ਇੱਕ "ਸਵੈ-ਕੱਟੜਪੰਥੀ" ਵਿਅਕਤੀ ਵੱਲੋਂ ਦੋ ਸੁਰੱਖਿਆ ਗਾਰਡਾਂ ਨੂੰ ਚਾਕੂ ਮਾਰਨਾ ਇੱਕ 'ਲੋਨ ਵੁਲਫ'  ਹਮਲਾ ਜਾਪਦਾ ਹੈ, ਜਦੋਂ ਕਿ ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਉਸ ਨੇ ਥਾਣੇ ਜ਼ਿਲ੍ਹੇ ਵਿੱਚ ਦੋਵਾਂ ਦਾ ਕਥਿਤ ਤੌਰ 'ਤੇ ਧਰਮ ਪੁੱਛਣ ਅਤੇ ਉਨ੍ਹਾਂ ਨੂੰ 'ਕਲਮਾ' ਪੜ੍ਹਨ ਲਈ ਕਹਿਣ ਤੋਂ ਬਾਅਦ ਉਨ੍ਹਾਂ 'ਤੇ ਹਮਲਾ ਕੀਤਾ ਸੀ।ਜਾਂਚਕਰਤਾਵਾਂ ਨੂੰ ਦੋਸ਼ੀ ਜ਼ੈਬ ਜ਼ੁਬੈਰ ਅੰਸਾਰੀ (31) ਦੇ ਘਰ ਤੋਂ 'ਲੋਨ ਵੁਲਫ' ਹਮਲਿਆਂ ਅਤੇ ਇਸਲਾਮਿਕ ਸਟੇਟ ਅਤਿਵਾਦੀ ਸਮੂਹ ਦਾ ਹਵਾਲਾ ਦੇਣ ਵਾਲਾ ਇੱਕ ਨੋਟ ਮਿਲਿਆ ਹੈ। ਅੰਸਾਰੀ ਉਸ ਦੀ ਗ੍ਰਿਫਤਾਰੀ ਦੇ ਇੱਕ ਦਿਨ ਬਾਅਦ ਥਾਣੇ ਦੀ ਅਦਾਲਤ ਨੇ 4 ਮਈ ਤੱਕ ਮਹਾਰਾਸ਼ਟਰ ਦੇ ਅੱਤਵਾਦ ਵਿਰੋਧੀ ਦਸਤੇ  ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ।


# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC


## ਇਸ ਹਫਤੇ ਦੇ ਪ੍ਰੋਗਰਾਮ

*1 ਮਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਪਾਠ ਸ਼੍ਰੀ ਸੁਖਮਨੀ ਸਾਹਿਬ ਸਰਦਾਰ ਰਾਮ ਸਿੰਘ ਫੌਜੀ ਦੇ ਘਰ ਵਿਖੇ
*2 ਮਈ ਦਿਨ ਸ਼ਨੀਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਸਰਦਾਰ ਗੁਰਚੇਤਨ ਸਿੰਘ ਦੇ ਘਰ ਵਿਖੇ
*2 ਮਈ ਦਿਨ ਸ਼ਨੀਵਾਰ ਸਵੇਰੇ 9:30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਗੁਰੂ ਘਰ ਵਿਖ਼ੇ ਸਰਦਾਰ ਰਣਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ
*3 ਮਈ ਦਿਨ ਐਤਵਾਰ ਸਵੇਰੇ 9:30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਗੁਰੂ ਘਰ ਵਿਖੇ ਸਰਦਾਰ ਹਰਪ੍ਰੀਤ ਸਿੰਘ ਚੱਠਾ ਪਰਿਵਾਰ ਵੱਲੋਂ
3 ਮਈ ਐਤਵਾਰ 12 ਵਜੇ ਤੋਂ 4 ਵਜੇ ਤੱਕ ਨਾਮ ਸਿਮਰਨ ਜਾਪ ਚੌਪਹਿਰਾ ਸਮਾਗਮ

**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

| ਰਾਗੀ ਜੱਥਾ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਸਤਨਾਮ ਸਿੰਘ<br>ਲੁਧਿਆਣੇ ਵਾਲੇ | ਗਿਆਨੀ ਨਿਰਵੈਲ ਸਿੰਘ<br>ਬੀੜ ਬਾਬਾ ਬੁੱਢਾ ਜੀ ਵਾਲੇ | 604-585-0319 |

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ
ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਬਿਨਾਂ ਮੁਕਾਬਲਾ?ਇਸਨੂੰ ਕਹਿੰਦੇ ਧੱਕੇਸ਼ਾਹੀ

ਗੁਜਰਾਤ ਦੀਆਂ ਲੋਕਲ ਬਾਡੀਜ਼ ਚੋਣਾਂ ਵਿੱਚ 700 ਤੋਂ ਵੱਧ 'ਬਿਨਾਂ ਮੁਕਾਬਲਾ' ਜਿੱਤਾਂ ਨੂੰ ਸੱਤਾਧਾਰੀ ਭਾਜਪਾ ਦੀ ਪ੍ਰਸਿੱਧੀ ਦੇ ਸੰਕੇਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਇੰਨੀਆਂ ਸੀਟਾਂ 'ਤੇ ਕੋਈ ਮੁਕਾਬਲਾ ਹੀ ਨਾ ਹੋਵੇ ਤਾਂ ਚੋਣਾਂ ਦਾ ਅਰਥ ਕੀ ਰਹਿ ਜਾਂਦਾ ਹੈ? 15 ਨਗਰ ਨਿਗਮਾਂ, 84 ਨਗਰ ਪਾਲਿਕਾਵਾਂ, 34 ਜ਼ਿਲ੍ਹਾ ਪੰਚਾਇਤਾਂ ਅਤੇ 260 ਤਾਲੁਕਾ ਪੰਚਾਇਤਾਂ ਦੀਆਂ ਚੋਣਾਂ ਹੋਣੀਆਂ ਹਨ ਤੇ ਰਾਜ ਚੋਣ ਕਮਿਸ਼ਨ ਨੇ ਨਾਮਜ਼ਦਗੀਆਂ ਵਾਪਸ ਲੈਣ ਤੋਂ ਬਾਅਦ ਲੱਗਭੱਗ 730 ਸੀਟਾਂ 'ਤੇ ਉਮੀਦਵਾਰਾਂ ਨੂੰ ਬਿਨਾਂ ਮੁਕਾਬਲਾ ਜੇਤੂ ਐਲਾਨ ਦਿੱਤਾ ਹੈ। ਬਾਕੀ ਸੀਟਾਂ 'ਤੇ 26 ਅਪ੍ਰੈਲ ਨੂੰ ਵੋਟਿੰਗ ਹੋਵੇਗੀ, ਜਿਸ ਦੀ ਗਿਣਤੀ 28 ਅਪ੍ਰੈਲ ਨੂੰ ਹੋਵੇਗੀ।

ਜਦੋਂ ਵਿਰੋਧੀ ਪਾਰਟੀਆਂ ਦੇ ਵੱਡੀ ਗਿਣਤੀ ਵਿੱਚ ਉਮੀਦਵਾਰ ਪਿੱਛੇ ਹਟ ਜਾਂਦੇ ਹਨ ਤਾਂ ਇਹ ਇੱਕ ਡੂੰਘੀ ਚਿੰਤਾ ਬਣ ਜਾਂਦੀ ਹੈ ਕਿ ਕੀ ਪਹਿਲਾਂ ਇੱਕ ਬਰਾਬਰੀ ਦਾ ਮੈਦਾਨ ਮੌਜੂਦ ਸੀ ਅਤੇ ਕੀ ਅਰਥਪੂਰਨ ਮੁਕਾਬਲੇ ਨੂੰ ਕਦੇ ਪੂਰੀ ਤਰ੍ਹਾਂ ਆਕਾਰ ਲੈਣ ਦੀ ਇਜਾਜ਼ਤ ਦਿੱਤੀ ਗਈ ਸੀ। ਭੂਮੀ ਪ੍ਰਜਾਪਤੀ ਦਾ ਮਾਮਲਾ ਗੁਜਰਾਤ ਵਿੱਚ ਸੱਤਾਧਾਰੀ ਪਾਰਟੀ ਦੀ ਕਾਰਜਪ੍ਰਣਾਲੀ ਦੀ ਇੱਕ ਸ਼ਾਨਦਾਰ ਮਿਸਾਲ ਹੈ। ਵਡੋਦਰਾ ਤੋਂ ਕਾਂਗਰਸ ਦੀ ਉਮੀਦਵਾਰ ਪ੍ਰਜਾਪਤੀ ਨੇ ਵਾਪਸੀ ਦੇ ਆਖਰੀ ਦਿਨ ਆਪਣਾ ਨਾਮਜ਼ਦਗੀ ਪੱਤਰ ਵਾਪਸ ਲੈ ਲਿਆ। ਥੋੜ੍ਹੀ ਦੇਰ ਬਾਅਦ ਉਸ ਨੂੰ ਭਾਜਪਾ ਨੇਤਾਵਾਂ ਨਾਲ ਦੇਖਿਆ ਗਿਆ, ਉਨ੍ਹਾਂ ਦਾ ਆਸ਼ੀਰਵਾਦ ਲੈਂਦਿਆਂ ਤੇ ਭਾਜਪਾ ਵਿੱਚ ਸ਼ਾਮਲ ਹੁੰਦਿਆਂ। ਜੇ ਉਸ ਨੂੰ ਆਪਣੀ ਪਾਰਟੀ ਨਾਲ ਸੱਚੀ ਅਸਹਿਮਤੀ ਸੀ ਤਾਂ ਉਸ ਨੇ ਪਹਿਲਾਂ ਟਿਕਟ ਕਿਉਂ ਸਵੀਕਾਰ ਕੀਤੀ? ਨਾਮਜ਼ਦਗੀ ਕਾਗਜ਼ ਵਾਪਸ ਲੈਣ ਤੋਂ ਬਾਅਦ ਝੱਟਪੱਟ ਦੂਜੀ ਪਾਰਟੀ ਵਿੱਚ ਚਲੇ ਜਾਣਾ ਏਨਾ ਛੇਤੀ ਤੇ ਸਹਿਜੇ ਹੀ ਕਿਉਂ ਹੋ ਗਿਆ?

ਅਹਿਮਦਾਬਾਦ ਵਿੱਚ ਕਈ ਕਾਂਗਰਸੀ ਉਮੀਦਵਾਰਾਂ ਨੇ ਕਾਗਜ਼ ਵਾਪਸ ਲੈਣ ਲਈ ਦਬਾਅ ਅਤੇ ਜ਼ਬਰਦਸਤੀ ਦਾ ਦੋਸ਼ ਲਗਾਇਆ ਹੈ। ਬੀਨਾ ਮੋਦੀ ਨੇ ਵੀਡੀਓ ਬਿਆਨ ਵਿੱਚ ਜਨਤਕ ਤੌਰ 'ਤੇ ਦਾਅਵਾ ਕੀਤਾ ਕਿ ਉਸ ਨੂੰ ਨਾਮਜ਼ਦਗੀ ਵਾਪਸ ਲੈਣ ਲਈ ਲੱਗਭੱਗ 30 ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਗਈ ਸੀ। ਦੂਜਿਆਂ ਨੇ ਧਮਕੀਆਂ ਅਤੇ ਡਰਾਉਣ-ਧਮਕਾਉਣ ਦੀ ਗੱਲ ਕੀਤੀ ਹੈ। ਭਾਵੇਂ ਹਰ ਦਾਅਵਾ ਸਾਬਤ ਹੋਵੇ ਜਾਂ ਨਾ ਹੋਵੇ, ਇਹ ਤੱਥ ਕਿ ਉਮੀਦਵਾਰ ਜਨਤਕ ਤੌਰ 'ਤੇ ਅਜਿਹੀਆਂ ਚਿੰਤਾਵਾਂ ਉਠਾ ਰਹੇ ਹਨ, ਚੋਣਾਂ ਦੇ ਮਾਹੌਲ ਨੂੰ ਹੀ ਬਦਲ ਦਿੰਦਾ ਹੈ।2024 ਦੀਆਂ ਲੋਕ ਸਭਾ ਚੋਣਾਂ 'ਚ ਸੂਰਤ ਹਲਕੇ ਵਿੱਚ ਕਾਂਗਰਸ ਉਮੀਦਵਾਰ ਦੀ ਨਾਮਜ਼ਦਗੀ ਜਾਂਚ ਦੌਰਾਨ ਰੱਦ ਹੋਣ ਤੋਂ ਬਾਅਦ ਭਾਜਪਾ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਬਣ ਗਿਆ ਸੀ। ਉਸ ਵੇਲੇ ਜਿਹੜੇ ਹੋਰ ਉਮੀਦਵਾਰ ਸਨ, ਉਨ੍ਹਾਂ ਆਖਰੀ ਮਿਤੀ ਤੱਕ ਨਾਂਅ ਵਾਪਸ ਲੈ ਲਏ ਸੀ। ਭਾਰਤੀ ਸੰਸਦੀ ਚੋਣਾਂ ਵਿੱਚ ਇਹ ਇੱਕ ਦੁਰਲੱਭ ਮਾਮਲਾ ਹੈ, ਜਿੱਥੇ ਬਿਨਾਂ ਵੋਟਿੰਗ ਦੇ ਉਮੀਦਵਾਰ ਜਿੱਤ ਗਿਆ ਸੀ।

ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਨੇ ਇੱਕ ਜਨਤਕ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਟੀਚਾ ਅਜਿਹੀ ਸਥਿਤੀ ਬਣਾ ਦੇਣਾ ਹੋਣਾ ਚਾਹੀਦਾ ਹੈ ਕਿ ਸੱਤਾਧਾਰੀ ਪਾਰਟੀ ਖਿਲਾਫ ਕੋਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਹਿੰਮਤ ਨਾ ਕਰ ਸਕੇ। ਇਹ ਬਿਆਨ ਚੋਣਾਂ ਜਿੱਤਣ ਵਾਲਾ ਘੱਟ ਅਤੇ ਚੋਣਾਂ ਲੜਨ ਦੀ ਲੋੜ ਨੂੰ ਖਤਮ ਕਰਨ ਵਾਲਾ ਵੱਧ ਲਗਦਾ ਹੈ। ਸਰਕਾਰੀ ਭ੍ਰਿਸ਼ਟਾਚਾਰ ਕਰਕੇ ਲੋਕ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਸੱਤਾ ਵਿੱਚ ਚਲੀ ਆ ਰਹੀ ਭਾਜਪਾ ਖਿਲਾਫ ਗੁੱਸੇ ਵਿੱਚ ਹਨ। ਜਿੱਥੇ ਚੋਣਾਂ ਹੋਣੀਆਂ ਹਨ, ਉੱਥੇ ਲੋਕਾਂ ਨੇ ਸਵੈ-ਇੱਛਾ ਨਾਲ ਰਿਹਾਇਸ਼ੀ ਸੁਸਾਇਟੀਆਂ ਦੇ ਪ੍ਰਵੇਸ਼ ਦੁਆਰ 'ਤੇ ਬੈਨਰ ਲਗਾਏ ਹਨ ਕਿ ਸਿਆਸੀ ਵਰਕਰ ਚੋਣ ਪ੍ਰਚਾਰ ਲਈ ਅੰਦਰ ਨਾ ਆਉਣ, ਕਿਉਂਕਿ ਉਨ੍ਹਾਂ ਨੇ ਹੜ੍ਹਾਂ ਅਤੇ ਹੋਰ ਸੰਕਟਾਂ ਸਮੇਂ ਉਨ੍ਹਾਂ ਦੀ ਮਦਦ ਲਈ ਕੁਝ ਨਹੀਂ ਕੀਤਾ।

ਜਾਰਜ ਓਰਵੈੱਲ ਦੀ ਮਸ਼ਹੂਰ ਰਚਨਾ 'ਐਨੀਮਲ ਫਾਰਮ' ਵਿੱਚ ਨੈਪੋਲੀਅਨ ਪਤਿਆ ਕੇ ਜਾਂ ਖੁੱਲ੍ਹੇ ਚੋਣ ਮੁਕਾਬਲੇ ਰਾਹੀਂ ਸੱਤਾ ਪ੍ਰਾਪਤ ਨਹੀਂ ਕਰਦਾ। ਇਸ ਦੀ ਥਾਂ ਉਹ ਵਿਰੋਧੀਆਂ ਨੂੰ ਹੌਲੀ-ਹੌਲੀ ਲਾਂਭੇ ਕਰਕੇ ਆਪਣੀ ਅਥਾਰਟੀ ਨੂੰ ਮਜ਼ਬੂਤ ਕਰਦਾ ਹੈ, ਜਦੋਂ ਤੱਕ ਕਿ ਵਿਰੋਧੀ ਧਿਰ ਹੋਂਦ ਗੁਆ ਦਿੰਦੀ ਹੈ। ਹਾਲਾਂਕਿ ਲੋਕਤੰਤਰ ਦੇ ਬਾਹਰੀ ਢਾਂਚੇ ਜਨਤਕ ਪ੍ਰਦਰਸ਼ਨ ਲਈ ਬਣੇ ਰਹਿੰਦੇ ਹਨ। ਓਰਵੈਲ ਦੀ ਚੇਤਾਵਨੀ ਇਸ ਬਾਰੇ ਹੈ ਕਿ ਕਿਵੇਂ ਸਿਸਟਮਾਂ ਨੂੰ ਹੌਲੀ-ਹੌਲੀ ਤੋੜਿਆ ਜਾਂਦਾ ਹੈ, ਤਾਂ ਜੋ ਮੁਕਾਬਲਾ ਬੇਲੋੜਾ ਹੋ ਜਾਵੇ। ਜਦੋਂ ਚੋਣਾਂ ਜ਼ਬਰਦਸਤੀ ਤੇ ਪਿੱਛੇ ਹਟਣ ਦੇ ਦਬਾਅ ਦੇ ਦੋਸ਼ਾਂ ਦਰਮਿਆਨ ਵੱਡੀ ਗਿਣਤੀ ਵਿੱਚ ਬਿਨਾਂ ਮੁਕਾਬਲਾ ਜਿੱਤਾਂ ਪੈਦਾ ਕਰਦੀਆਂ ਹਨ, ਤਾਂ ਲੋਕਤੰਤਰੀ ਪ੍ਰਕਿਰਿਆ ਆਪਣਾ ਅਰਥ ਗੁਆਉਣਾ ਸ਼ੁਰੂ ਕਰ ਦਿੰਦੀ ਹੈ।

## ਸੁਖਜਿੰਦਰ ਰੰਧਾਵਾ ਨੇ ਸ਼ੰਭੂ ਰੇਲਵੇ ਟਰੈਕ ਨੂੰ ਨਿਸ਼ਾਨਾ ਬਣਾਉਣ 'ਤੇ ਖੁਫ਼ੀਆ ਏਜੰਸੀਆਂ ਦੀ ਕੀਤੀ ਨਿੰਦਾ

ਨਵੀਂ ਦਿੱਲੀ:ਪਟਿਆਲਾ ਜ਼ਿਲ੍ਹੇ ਅਧੀਨ ਆਉਂਦੇ ਰਾਜਪੁਰਾ-ਸ਼ੰਭੂ ਰੇਲਵੇ ਟਰੈਕ ਧਮਾਕੇ 'ਤੇ, ਕਾਂਗਰਸ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ, "ਇਹ ਪਿਛਲੇ ਤਿੰਨ ਮਹੀਨਿਆਂ ਵਿਚ ਦੂਜੀ ਕੋਸ਼ਿਸ਼ ਹੈ, ਅਤੇ ਸਾਡੇ ਕੋਲ ਪਹਿਲੇ ਮਾਮਲੇ ਬਾਰੇ ਕੋਈ ਜਾਣਕਾਰੀ ਨਹੀਂ ਹੈ... ਇਹ ਸਭ ਤੋਂ ਵਿਅਸਤ ਰਸਤਾ ਹੈ, ਇਸ ਲਈ ਜੇਕਰ ਧਮਾਕਾ ਸਫਲ ਹੁੰਦਾ, ਤਾਂ ਰੱਬ ਜਾਣਦਾ ਹੈ ਕਿ ਕਿੰਨੀਆਂ ਜਾਨਾਂ ਚਲੀਆਂ ਜਾਂਦੀਆਂ। ਭਾਰਤ ਸਰਕਾਰ ਵੀ ਜਾਣਦੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਗੰਭੀਰ ਨਹੀਂ ਹਨ ਅਤੇ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ... ਇਹ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ ਨਾ ਕਿ ਸਿਰਫ ਪੰਜਾਬ ਦੀ ਸੁਰੱਖਿਆ ਲਈ... ਐਨਆਈਏ ਨੂੰ ਇਸ ਘਟਨਾ ਦੀ ਜਾਂਚ ਪਹਿਲਾਂ ਹੀ ਕਰਨੀ ਚਾਹੀਦੀ ਸੀ..."।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
Single Driver Pay 52cents/mile
Team Drivers 32 cents/mile

FOR MORE INFORMATION CALL AT:
(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2


VELOCITY
TRUCK CENTRES
DRIVE FORWARD
WITH VELOCITY
ਟਰੱਕ ਅਤੇ ਟਰੇਲਰਾਂ ਲਈ ਵੈਸਟਰਨ ਕਨੇਡਾ ਵਿਚ ਤੁਹਾਡਾ ਭਰੋਸੇਯੋਗ ਸਾਥੀ
ਸਾਡੀਆਂ ਮਾਹਰ ਟੀਮਾਂ ਅਤੇ ਪੂਰੀਆਂ ਸੇਵਾਵਾਂ ਦੀ ਰੇਂਜ ਨਾਲ
ਅਸੀਂ ਤੁਹਾਡੇ ਸਫਰ ਦੇ ਹਰ ਪੜਾਅ ਤੇ ਭਰੋਸੇਯੋਗ, ਪੂਰਨ ਸਹਾਇਤਾ ਪ੍ਰਦਾਨ ਕਰਦੇ ਹਾਂ
ਨਵੇਂ ਅਤੇ ਯੂਜਡ ਟਰੱਕ, ਟਰੇਲਰ, ਬੱਸਾਂ
FREIGHTLINER
SERVICE CHECK-IN 2
SERVICE CHECK-IN 3
TOTAL CUSTOMER SUPPORT
ਸੇਲਜ: ਨਵੇਂ ਅਤੇ ਵਰਤੇ ਹੋਏ ਟਰੱਕ, ਟ੍ਰੇਲਰ, ਬੱਸਾਂ
ਸੇਵਾਵਾਂ: ਸਾਰੇ ਮੇਕ ਅਤੇ ਮਾਡਲ
ਪਾਰਟਸ: ਪਾਰਟਸ ਅਤੇ ਆਫਟਰ ਮਾਰਕੀਟ
*ਬਾਡੀਸ਼ਾਪ: ਪੂਰੀ-ਸੇਵਾ ਕੁਲੀਜਨ ਰਿਪੇਅਰ
LOCATIONS
*ਪਾਰਟਸ ਅਤੇ ਆਫਟਰ ਮਾਰਕੀਟ ਪਾਰਟਸ *ਹਰੇਕ ਮੇਕ ਅਤੇ ਮਾਡਲ *ਬਾਡੀਸ਼ਾਪ ਫੁੱਲ ਸਰਵਿਸ ਕੁਲੀਜਨ ਰਿਪੇਅਰ
ਕਿਰਾਏ ਤੇ ਲੋੜ ਹੈ?
ਭਾਵੇਂ ਤੁਸੀਂ ਥੋੜ੍ਹੇ ਸਮੇਂ ਦੇ ਪਾੜੇ ਨੂੰ ਭਰ ਰਹੇ ਹੋ ਜਾਂ ਆਪਣੇ ਫਲੀਟ ਦਾ ਵਿਸਥਾਰ ਕਰ ਰਹੇ ਹੋ,
ਵੇਲੋਸਿਟੀ ਟਰੱਕ ਰੈਂਟਲ ਅਤੇ ਲੀਜ਼ਿੰਗ ਤੁਹਾਡੇ ਕਾਰੋਬਾਰ ਨੂੰ ਚਲਦਾ ਰੱਖਣ ਲਈ ਤਿਆਰ ਕੀਤੇ ਗਏ
ਅਨੁਕੂਲਿਤ ਕਿਰਾਏ ਅਤੇ ਲੀਜ਼ਿੰਗ ਵਿਕਲਪ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਪ੍ਰਦਾਨ ਕਰਦਾ ਹੈ।
ਕਮਰਸ਼ੀਅਲ ਟਰੱਕ ਰੈਂਟਲ ਫੁੱਲ ਸਰਵਿਸ ਲੀਜ਼ਿੰਗ ਫਲੀਟ ਮੈਨੇਜਮੈਂਟ ਸਰਵਿਸਿਜ
Learn More About Our Services
855-412-7431
VelocityTruckRentalAndLeasing.ca
VELOCITY
TRUCK RENTAL & LEASING
CANADA
672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada
Call:672-727-9560



• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!
ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
• All Major Insurance Plans Accepted
• Punjabi, Hindi, Urdu Spoken
• New Patients Welcome
EVERSHINE DENTISTRY
EVERSHINE
FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ
604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
72 Ave.
WALMART
RBC
BMO
SATNAM PLAZA
ENTRANCE
70 Ave.
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ




.Ck Auto.
CK AUTO SERVICES LTD.
«Tune Ups «Oil Change
«Wheel alignment
«Transmission «Electrical
«Air Condition
«Electronic Fuel Injection
«Brakes «Repairs
«Propane & Natural Gas
«Computerized Wheel Alignment
«Tires & Wheel Balancing
AUTO REPAIR SERVICES
-REASONABLE RATES
-EXPERIENCED -QUALITY WORK
.Ck Auto.
Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED
TARSHOTAM BIRAN




Discover the Real Punjabi Tadka
Chawla's²
SINCE 1960
The Famous Taste of Punjab
Veg & Non Veg
NOW OPEN
IN SURREY
ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ
Ph:778-637-0006
#107-8363 -128St, Surrey
Hours:Wednesday to Monday 10AM to 12 AM Closed:Tuesday

# LOVELY SWEET SHOP & RESTAURANT and BANQUET HALL

*Dine In Take Out*

## Breakfast Special Combo

10 am to 3pm

## Prantha Plate

Choose 2 pranthas from Aloo/Gobhi or Mooli

With curd, butter and pickle

ਸਪੈਸ਼ਲ:ਚਾਟ ਪਾਪੜੀ,ਭੱਲੇ, ਚਨਾ ਕੁਲਚਾ

ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ





| ਫਰੈਸ਼ ਤੰਦੂਰ ਤੋਂ | ਤੰਦੂਰ ਤੋਂ ਸਪੈਸ਼ਲ |
|---|---|
